ਦਫਤਰ: ਕਾਰਜਕਾਰੀ ਇੰਜੀਨੀਅਰ,ਉਸਾਰੀ ਮੰਡਲ ਨੰ: 1, ਲੋ: ਨਿ: ਵਿ: ਭ ਤੇ ਮ ਸ਼ਾਖਾ, ਐਸ. ਏ. ਐਸ.ਨਗਰ
(ਇੰਡਸਟਰੀਅਲ ਏਰੀਆ ਫੇਸ 1, ਨੇੜੇ ਪੁਲਿਸ ਥਾਣਾ ਫੇਸ 1, ਐਸ. ਏ. ਐਸ. ਨਗਰ)
**E-mail: pwdc1mohali@gmail.com Tel / Fax: 0172-2225863**

ਵੱਲ,

The Principal,
Mata Sahib Kaur Public School,
Village Swara, P.O. Landran, Tehsil Kharar,
District SAS Nagar.

ਮੀਮੋ ਨੰ: 1414 ਮਿਤੀ: 27/03/26

ਵਿਸ਼ਾ:- **ਬਿਲਡਿੰਗ ਸੇਫਟੀ ਸਰਟੀਫਿਕੇਟ (ਸਾਲ 2026-27) ਜਾਰੀ ਕਰਨ ਸਬੰਧੀ।**
**(Mata Sahib Kaur Public School, Village Swara, P.O. Landran, Tehsil Kharar, Distt. SAS Nagar)**

ਹਵਾਲਾ:- ਆਪ ਦੇ ਦਫਤਰ ਦਾ ਪੱਤਰ ਨੰ- MSKPS/3289(P)/2026 ਮਿਤੀ- 10.03.2026 ਦੇ ਸਬੰਧ ਵਿੱਚ।

********

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇਸ ਮੰਡਲ ਅਧੀਨ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਨੰ-2 ਲੋ.ਨਿ.ਵਿ ਭ ਤੇ ਮ ਸ਼ਾਖਾ, ਮੋਹਾਲੀ ਦੀ ਰਿਪੋਰਟ ਅਨੁਸਾਰ ਸਕੂਲ ਦੀ ਬਿਲਡਿੰਗ ਦਾ ਨਿਰੀਖਣ ਕੀਤਾ ਗਿਆ ਅਤੇ ਨਿਰੀਖਣ ਦੌਰਾਨ ਸਕੂਲ ਦੀ ਬਿਲਡਿੰਗ ਨੱਥੀ ਪਲਾਨ ਅਨੁਸਾਰ ਠੀਕ ਹੈ ਅਤੇ Visual Inspection ਅਨੁਸਾਰ ਇਮਾਰਤ ਠੀਕ ਪਾਈ ਗਈ ਹੈ। ਮਾਨਯੋਗ ਸਕੱਤਰ, ਪੰਜਾਬ, ਲੋਕ ਨਿਰਮਾਣ ਵਿਭਾਗ ਭ ਤੇ ਮ ਸ਼ਾਖਾ, ਚੰਡੀਗੜ੍ਹ ਜੀ ਦੇ ਦਫਤਰੀ ਆਰਡਰ ਨੰ- 5/13/2018-3BR3/1294287/3 ਮਿਤੀ-10.08.2018 ਰਾਹੀਂ ਸਕੂਲ ਵੱਲੋਂ ਇਮਾਰਤ ਦੀ ਲੋੜੀਂਦੀ ਇੰਸਪੈਕਸ਼ਨ ਫੀਸ 15000/- ਰੁਪਏ ਚਲਾਨ ਨੰ- 22430387 ਮਿਤੀ- 25-03-2026 ਰਾਹੀਂ ਜਮ੍ਹਾ ਕਰਵਾ ਦਿੱਤੀ ਗਈ ਹੈ। ਜਿਸ ਸਬੰਧ ਵਿੱਚ ਸਕੂਲ ਦਾ ਬਿਲਡਿੰਗ ਸਰਟੀਫਿਕੇਟ ਨਾਲ ਨੱਥੀ ਅਨੁਸਾਰ ਜਾਰੀ ਕੀਤਾ ਜਾਂਦਾ ਹੈ।

ਨੱਥੀ/ਸਰਟੀਫਿਕੇਟ

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਨੰ:1 ਲੋ.ਨਿ.ਵਿ ਭ ਤੇ ਮ ਸ਼ਾਖਾ,
ਸਾਹਿਬਜ਼ਾਦਾ ਅਜੀਤ ਸਿੰਘ ਨਗਰ।

ਪਿੱਠ ਅੰਕਣ ਨੰ- ਮਿਤੀ-

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਨੰ-2, ਲੋ.ਨਿ.ਵਿ ਭ ਤੇ ਮ ਸ਼ਾਖਾ, ਮੋਹਾਲੀ ਨੂੰ ਉਨ੍ਹਾਂ ਦੇ ਦਫਤਰ ਦੇ ਮੀਮੋ ਨੰ- 146 ਮਿਤੀ- 24-03-2026 ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਨੰ:1 ਲੋ.ਨਿ.ਵਿ ਭ ਤੇ ਮ ਸ਼ਾਖਾ,
ਸਾਹਿਬਜ਼ਾਦਾ ਅਜੀਤ ਸਿੰਘ ਨਗਰ।

Supdt / Hardeep
For record please
6/4/26

# BUILDING SAFETY CERTIFICATE

**Subject :- Building Safety Certificate for Mata Sahib Kaur Public School, Village Swara Distt. SAS Nagar**

**Mata Sahib Kaur Public School** ਦੀ ਬਿਲਡਿੰਗ ਦਾ ਸਟੱਰਕਚਰ ਸਟੇਬਿਲਟੀ ਸਰਟੀਫਿਕੇਟ Dr. I.C. Syal, Syal & Associates, Plot No. C-204, Ind. Area Phase 8-B, Mohali ਦੇ ਪੱਤਰ ਨੰ. SA/2025-26/ICS/222 ਮਿਤੀ 13-02-2026 ਨੂੰ ਧਿਆਨ ਵਿੱਚ ਰੱਖਦੇ ਹੋਏ ਬਿਲਡਿੰਗ ਸੇਫਟੀ ਸਰਟੀਫਿਕੇਟ ਮਿਤੀ 31-03-2027 ਤੱਕ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ:-

1 ਨਿਰੀਖਣ ਤੋਂ ਬਾਅਦ ਜੇਕਰ ਸਕੂਲ ਮੁੱਖੀ ਵੱਲੋਂ ਨੱਥੀ ਪਲੈਨ ਵਿੱਚ ਦਰਸਾਈ ਗਈ ਬਿਲਡਿੰਗ ਦੇ ਸਟਰੱਕਚਰ ਵਿੱਚ ਕਿਸੇ ਵੀ ਕਿਸਮ ਦੀ ਤਬਦੀਲੀ ਕੀਤੀ ਜਾਂਦੀ ਹੈ ਜਾਂ ਨਵੀਂ ਉਸਾਰੀ ਕੀਤੀ ਜਾਂਦੀ ਹੈ ਤਾਂ ਬਿਲਡਿੰਗ ਦਾ ਸੇਫਟੀ ਸਰਟੀਫਿਕੇਟ ਰੱਦ ਸਮਝਿਆ ਜਾਵੇਗਾ।

2 ਜੇਕਰ ਕੋਈ ਕੁਦਰਤੀ ਆਫਤ ਕਾਰਨ ਜਾਂ ਕਿਸੇ ਵੀ ਕਾਰਨ ਬਿਲਡਿੰਗ ਨੂੰ ਨੁਕਸਾਨ ਹੁੰਦਾ ਹੈ ਤਾਂ ਵੀ ਸਕੂਲ ਮੁੱਖੀ ਨੂੰ ਤੁਰੰਤ ਇਸ ਦਫਤਰ ਨੂੰ ਸੂਚਿਤ ਕਰਨਾ ਪਵੇਗਾ ਤਾਂ ਜੋ ਬਣਦੀ ਕਾਰਵਾਈ ਕੀਤੀ ਜਾ ਸਕੇ।

3 ਇਸ ਬਿਲਡਿੰਗ ਦਾ ਫਾਇਰ ਸੇਫਟੀ ਸਰਟੀਫਿਕੇਟ, ਪੰਜਾਬ ਫਾਇਰ ਸਰਵਿਸਿਜ਼, ਐਸ.ਏ.ਐਸ ਨਗਰ ਵੱਲੋਂ ਉਹਨਾਂ ਦੇ ਨੰ. PBIP-(Fire)2025/2726 ਮਿਤੀ: 22-12-2025 ਦੁਆਰਾ ਜਾਰੀ ਕੀਤਾ ਗਿਆ ਹੈ। ਫਾਇਰ ਸੇਫਟੀ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਅੱਗ ਬੁਝਾਊ ਯੰਤਰ ਤਸੱਲੀਬਖਸ਼ ਹੋਣੇ ਚਾਹੀਦੇ ਹਨ ਅਤੇ ਕਰਮਚਾਰੀ ਅੱਗ ਬਝਾਉਣ ਸਬੰਧੀ ਟਰੇਂਡ ਹੋਣੇ ਚਾਹੀਦੇ ਹਨ, ਇਸ ਨੂੰ ਯਕੀਨੀ ਬਣਾਇਆ ਜਾਵੇ।

4 ਉਕਤ ਕਿਸੇ ਵੀ ਹਾਲਤ ਵਿੱਚ ਜਾਂ ਹੋਰ ਕੋਈ ਕੁਦਰਤੀ/ਮਨੁੱਖੀ ਆਫਤਾਂ ਆਉਣ ਦੀ ਸੂਰਤ ਵਿੱਚ ਬਿਲਡਿੰਗ ਦੀ ਤੁਰੰਤ ਰੀ-ਇੰਸਪੈਕਸ਼ਨ ਕਰਾਉਣ ਦੀ ਨਿਰੋਲ ਜ਼ਿੰਮੇਵਾਰੀ ਕੇਵਲ ਬਿਨੇਕਾਰ ਦੀ ਹੋਵੇਗੀ ।

5 ਜੇਕਰ ਸਕੂਲ ਵੱਲੋਂ ਸੇਫਟੀ ਨਾਲ ਸਬੰਧਤ ਕਿਸੇ ਵੀ ਸ਼ਰਤ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਇਸ ਵਿਭਾਗ ਵੱਲੋਂ ਜਾਰੀ ਕੀਤਾ ਸਰਟੀਫਿਕੇਟ ਰੱਦ ਕਰ ਦਿੱਤਾ ਜਾਵੇਗਾ।

6 ਰੋਡ ਅਸੈਸ ਸਬੰਧੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਭਵਿੱਖ ਵਿੱਚ ਜੋ ਵੀ ਫੈਸਲਾ ਕੀਤਾ ਜਾਵੇਗਾ, ਉਸ ਨੂੰ ਇਹ ਸੰਸਥਾ ਮੰਨਣ ਦੀ ਪਾਬੰਦ ਹੋਵੇਗੀ।

7 ਜੇਕਰ ਬਿਲਡਿੰਗ ਉੱਪਰ ਹੋਰ ਮੰਜਿਲ ਦੀ ਉਸਾਰੀ ਕੀਤੀ ਜਾਂਦੀ ਹੈ ਤਾਂ ਉਸ ਬਿਲਡਿੰਗ ਦੀਆਂ ਹੇਠਲੀਆਂ ਮੰਜਿਲਾਂ ਵਿੱਚ ਜਮਾਤਾਂ ਨਾ ਲਗਾਈਆਂ ਜਾਣ।

8 ਇਹ ਸਰਟੀਫਿਕੇਟ ਕਿਸੇ ਵੀ ਲੀਗਲ ਕੇਸਾਂ ਲਈ ਪ੍ਰਮਾਣਿਤ ਨਹੀਂ ਹੋਵੇਗਾ।

9 ਇਹ ਸਰਟੀਫਿਕੇਟ ਕੇਵਲ Visual Inspection ਦੇ ਆਧਾਰ ਤੇ ਕੇਵਲ Structural Safety ਪੱਖੋਂ ਜਾਰੀ ਕੀਤਾ ਗਿਆ ਹੈ। ਇਸ ਵਿੱਚ ਕੋਈ ਬਿਜਲੀ, ਮਸ਼ੀਨਰੀ, Equipment ਆਦਿ ਬਾਬਤ ਇਸ ਦਫਤਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਉਪ ਮੰਡਲ ਇੰਜੀਨੀਅਰ,
ਉਸਾਰੀ ਉਪ ਮੰਡਲ ਨੰ.2, ਲੋ.ਨਿ.ਵਿ. ਭ ਤੇ ਸ਼ਾਖਾ,
ਸ਼ਾਹਿਬਜ਼ਾਦਾ ਅਜੀਤ ਸਿੰਘ ਨਗਰ

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਨੰ.1 ਲੋ.ਨਿ.ਵਿ. ਭ ਤੇ ਮ ਸ਼ਾਖਾ,
ਸ਼ਾਹਿਬਜ਼ਾਦਾ ਅਜੀਤ ਸਿੰਘ ਨਗਰ।